EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

**Ref No. PUSA/GEN/2023/37** **Date: 08-08-2023**

ਸੇਵਾ ਵਿਖੇ,

ਮਾਨਯੋਗ ਮੁੱਖ ਮੰਤਰੀ ਸਾਹਿਬ,

ਪੰਜਾਬ, ਚੰਡੀਗੜ੍ਹ ।

**ਵਿਸ਼ਾ: ਸਕੂਲਾਂ ਵਿੱਚ ਅਚਨਚੇਤ ਛੁੱਟੀਆਂ ਬਾਰੇ ।**

ਸ੍ਰੀ ਮਾਨ ਜੀਓ,

ਆਪ ਜੀ ਦੀ ਸਰਕਾਰ ਬਣੀ ਨੂੰ ਇਕ ਸਾਲ ਤੋਂ ਉੱਪਰ ਹੋ ਚੁੱਕਾ ਹੈ। ਸਾਡੀ ਜਥੇਬੰਦੀ ਆਪ ਜੀ ਨੂੰ ਸਰਕਾਰ ਦੇ ਵਧੀਆ ਕੰਮ ਢੰਗ ਦੀ ਵਧਾਈ ਦਿੰਦੀ ਹੈ ਅਤੇ ਆਪ ਜੀ ਵੱਲੋਂ ਅਰੰਭੇ ਕਾਰਜਾਂ ਵਿੱਚ ਯੋਗਦਾਨ ਪਾਉਣ ਲਈ ਹਰ ਸਮੇਂ ਤੱਤਪਰ ਹੋਵੇਗੀ ਜੀ ।ਮਾਨਯੋਗ ਮੁੱਖ ਮੰਤਰੀ ਸਾਹਿਬ ਜੀਓ ਸਾਡੀ ਜਥੇਬੰਦੀ ਜੋ ਕਿ ਪੰਜਾਬ ਵਿੱਚ CBSE ਅਤੇ ICSE ਨਾਲ ਐਫਿਲੀਏਟਿਡ ਸਕੂਲਾਂ ਦੀ ਜਥੇਬੰਦੀ ਹੈ ਅਤੇ ਸਦਾ ਹੀ ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਪਰਾਲੇ ਕਰਦੀ ਰਹਿੰਦੀ ਹੈ, ਆਪ ਜੀ ਪਾਸ ਸਾਡੇ ਸਕੂਲਾਂ ਨੂੰ ਆ ਰਹੀਆਂ ਕੁੱਝ ਤਕਲੀਫ਼ਾਂ ਬਿਆਨ ਕਰਨਾ ਚਾਹੁੰਦੇ ਹਾਂ ਜੀ ।

1 . ਕਿਉਂਕੀ ਸਾਡੇ ਸਕੂਲ CBSE ਜਾਂ ICSE ਬੋਰਡਾਂ ਨਾਲ ਸਬੰਧਿਤ ਹਨ ਸੋ ਸਾਡੇ ਸਕੂਲਾਂ ਨੂੰ ਉਹਨਾਂ ਬੋਰਡਾਂ ਦਾ ਪ੍ਰੋਗਰਾਮ ਹੀ ਫਾਲੋ ਕਰਨਾ ਪੈਂਦਾ ਹੈ ਜਿਸ ਵਾਸਤੇ ਸਾਨੂੰ ਆਪਣਾ ਟਾਈਮ ਟੇਬਲ ਦਾ ਸ਼ੈਡਿਊਲ ਵੀ ਉਲੀਕਣਾ ਪੈਂਦਾ ਹੈ । ਜਿਵੇਂ ਕਿ ਆਪ ਜੀ ਭਲੀ ਭਾਂਤੇ ਜਾਨਦੇ ਹੋ ਦੇਸ਼ ਵਿੱਚ NEP - 2020 ਆ ਚੁੱਕੀ ਹੈ ਅਤੇ ਫਾਉਂਡੇਸ਼ਨਲ NCP -2022 ਵੀ ਲਾਗੂ ਹੈ । ਇਸ ਮੁਤਾਬਿਕ ਹੀ ਸਾਡੇ ਸਕੂਲਾਂ ਦਾ ਕਰੀਕਲਮ ਬਣ ਰਿਹਾ ਹੈ । ਸਾਨੂੰ ਵਾਧੂ ਸਮਾਂ ਵੀ ਸਕੂਲਾਂ ਚ ਦੇਣਾ ਪੈਂਦਾ ਹੈ, ਪ੍ਰੰਤੂ ਕੁੱਝ ਅਚਨਚੇਤ ਆਉਣ ਵਾਲੀਆਂ ਛੁੱਟੀਆਂ ਕਾਰਨ ਬੱਚਿਆਂ ਦਾ ਸਾਰਾ ਸਿਸਟਿਮ ਵਿਗੜ ਜਾਂਦਾ ਹੈ ।ਜਿਵੇਂ ਕਿ ਅੱਜ ਵੀ ਮੀਂਹ ਜੋ ਕਿ **"ਮਾਲਵੇ ਦੇ ਬਹੁਤੇ ਖੇਤਰਾਂ ਵਿੱਚ ਨਹੀਂ ਹੈ"** ਪਰ ਸਾਰੇ ਪੰਜਾਬ ਵਿੱਚ ਛੁੱਟੀਆਂ ਦਾ ਐਲਾਨ ਸਰਕਾਰ ਵੱਲੋਂ ਹੋ ਚੁੱਕਾ ਹੈ । ਅਸੀਂ ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਸਕੂਲਾਂ ਵਿੱਚ ਛੁੱਟੀਆਂ ਘੱਟ ਕੀਤੀਆਂ ਜਾਣ । ਕਈ ਛੁੱਟੀਆਂ ਖੇਤਰੀ ਹੁੰਦੀਆਂ ਹਨ ਉਹਨਾਂ ਨੂੰ ਸਾਰੇ ਪੰਜਾਬ ਤੇ ਲਾਗੂ ਨਾਂ ਕੀਤਾ ਜਾਵੇ ।ਸਾਡੀ ਬੇਨਤੀ ਹੈ ਕਿ ਜ਼ਿਲ੍ਹਿਆਂ ਦੇ DC ਸਾਹਿਬਾਨ ਨੂੰ ਛੁੱਟੀਆਂ ਕਰਨ ਦਾ ਅਧਿਕਾਰ ਦਿੱਤਾ ਜਾਵੇ ਤਾਂ ਕਿ ਹਾਲਾਤ ਅਨੁਸਾਰ ਖੇਤਰ ਵਿੱਚ ਛੁੱਟੀਆਂ ਕੀਤੀਆਂ ਜਾਣ ਨਾਂ ਕਿ ਸਾਰੇ ਪੰਜਾਬ ਵਿੱਚ ਤਾਂ ਕਿ ਬੱਚਿਆਂ ਦੀ ਪੜ੍ਹਾਈ ਨਿਰਵਿਘਨ ਚੱਲ ਸਕੇ ।ਸਾਡੇ ਸਕੂਲਾਂ ਵਿੱਚ CBSE /ICSE ਨੂੰ ਭੇਜਣ ਵਾਲੇ ਦਾਖਲਿਆਂ , ਰਜਿਸਟਰੇਸ਼ਨ ਦਾ ਸਮਾਂ ਨਿਸ਼ਚਿਤ ਹੈ । SQAA ਤੇ ਵੀ ਕੰਮ ਚੱਲ ਰਿਹਾ ਹੈ ਸੋ ਸਾਡੇ ਸਕੂਲਾਂ ਵਿੱਚ ਸਟਾਫ ਦਾ ਰਹਿਣਾ ਅਤਿ ਜ਼ਰੂਰੀ ਹੁੰਦਾ ਹੈ ਸਾਡੀ ਬੇਨਤੀ ਨੂੰ ਮੰਨਦੇ ਹੋਏ ਛੁੱਟੀਆਂ ਘਟਾਈਆਂ ਜਾਣ ।

**ਸਾਡੀ ਵਿੱਦਿਆਰਥੀ, ਸਕੂਲ ਅਤੇ ਵਿੱਦਿਆ ਹਿਤੈਸ਼ੀ ਜਥੇਬੰਦੀ ਆਪ ਜੀ ਦੀ ਅਭਾਰੀ ਹੋਵੇਗੀ।**

ਆਪ ਜੀ ਦੇ ਸ਼ੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪੂਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਨ - ਸੈਕਟਰੀ ਪੂਸਾ ਪੰਜਾਬ

**ਅਤੇ ਸੰਮੂਹ ਮੈਂਬਰ ਪ੍ਰਾਇਵੇਟ ਅਨਏਡਿਡ ਸਕੂਲਜ਼ ਐਸੋਸੀਏਸ਼ਨ (ਪੂਸਾ) ਪੰਜਾਬ (ਰਜਿ.)**

Regd. Office: Opp. Teachers' Home, Mahavir Dal Market, Bathinda- 151001(Punjab) INDIA
E-mail: pusapunjab@gmail.com